# ਪ੍ਰੈਸ ਨੋਟ

## ਅੰਨੇ ਕਤਲ ਦੀ ਗੁੱਥੀ ਸੁਲਝੀ , ਦੋਸ਼ੀ ਗ੍ਰਿਫਤਾਰ

ਸ੍ਰੀ ਜੇ. ਇਲਨਚੇਲੀਅਨ, ਆਈ.ਪੀ.ਐਸ., ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਨੇ ਪ੍ਰੈਸ ਨੋਟ ਰਾਂਹੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 17.08.17 ਨੂੰ ਬਲਕਾਰ ਸਿੰਘ ਪੁੱਤਰ ਸਦਾ ਰਾਮ ਕੌਮ ਜੱਟ ਵਾਸੀ ਰੋਡ ਮਜਾਰਾ ਥਾਣਾ ਗੜ੍ਹਸ਼ੰਕਰ ਨੇ ਸੂਚਨਾਂ ਦਿੱਤੀ ਕਿ ਉਸ ਦੀ ਮੋਟਰ (ਟਿਊਬੈਲ) ਪਰ ਸ਼ਿੰਦਾ ਪੁੱਤਰ ਧੰਨੀ ਰਾਮ ਵਾਸੀ ਬਖਲੋਰ ਥਾਣਾ ਮੁਕੰਦਪੁਰ ਜਿਲਾ ਸ਼ਹੀਦ ਭਗਤ ਸਿੰਘ ਨਗਰ ਨੇ ਆਪਣੀ ਜੇ ਬੀ ਸੀ ਮਸ਼ੀਨ ਅਤੇ ਹੋਰ ਮਸ਼ੀਨਰੀ ਕਰੀਬ 4 ਮਹੀਨੇ ਤੋ ਰੱਖੀ ਹੋਈ ਹੈ ਜਿਸ ਦੀ ਰਾਖੀ ਲਈ ਉਸ ਨੇ ਰਾਜ ਕੁਮਾਰ ਪੁੱਤਰ ਪ੍ਰਕਾਸ਼ ਸਿੰਘ ਕੋਮ ਰਾਜਪੂਤ ਵਾਸੀ ਬਖਲੋਰ ਥਾਣਾ ਮੁਕੰਦਪੁਰ ਜਿਲਾ ਸ਼ਹੀਦ ਭਗਤ ਸਿੰਘ ਨਗਰ ਨੂੰ ਰਖਿਆ ਹੋਇਆ ਸੀ ਜੋ ਦਿਨ ਰਾਤ ਉੱਥੇ ਰਹਿੰਦਾ ਸੀ। ਮਿਤੀ 17-8-17 ਨੂੰ ਵਕਤ ਕਰੀਬ ਸਾਢੇ 6/7-00 ਵਜੇ ਸੁਭਾ ਉਸਨੇ ਆਪਣੇ ਟਿਊਬਲ ਤੇ ਜਾ ਕੇ ਦੇਖਿਆ ਤਾਂ ਰਾਜ ਕੁਮਾਰ ਦੀ ਲਾਸ਼ ਖੂਨ ਨਾਲ ਲਥਪਥ ਮੱਜੇ ਤੇ ਪਈ ਸੀ। ਜਿਸ ਦਾ ਕਿਸੀ ਨਾ ਮਾਲੂਮ ਵਿਅਕਤੀ ਨੇ ਮਿਤੀ 16,17-8-2017 ਦੀ ਦਰਮਿਆਨੀ ਰਾਤ ਨੂੰ ਤੇਜਧਾਰ ਹਥਿਆਰ ਨਾਲ ਉਸ ਦੇ ਗਲ ਤੇ ਅਤੇ ਸਿਰ ਵਿੱਚ ਸੱਟਾ ਮਾਰ ਕੇ ਕਤਲ ਕਰ ਦਿੱਤਾ। ਜਿਸ ਸਬੰਧੀ ਮੁਕੱਦਮਾ ਨੰਬਰ 145 ਮਿਤੀ 17/8/17 ਅ/ਧ 302 ਭ.ਦ ਥਾਣਾ ਗੜਸ਼ੰਕਰ ਵਿਖੇ ਦਰਜ ਰਜਿਸਟਰ ਹੋਇਆ।

ਇਸ ਮਾਮਲੇ ਦੀ ਗੰਭੀਰਤਾ ਨੂੰ ਲੈਂਦੇ ਹੋਏ ਮੇਰੇ ਵੱਲੋਂ ਸ੍ਰੀ ਹਰਪ੍ਰੀਤ ਸਿੰਘ ਮੰਡੇਰ ਐਸ.ਪੀ (ਇੰਨ) ਹੁਸ਼ਿਆਰਪੁਰ ਦੀ ਅਗਵਾਈ ਹੇਠ ਸ੍ਰੀ ਰਾਜ ਕੁਮਾਰ ਡੀ.ਐਸ.ਪੀ ਗੜਸ਼ੰਕਰ, ਸੁਖਵਿੰਦਰ ਸਿੰਘ ਇੰਨਚਾਰਜ ਸੀ.ਆਈ.ਏ. ਸਟਾਫ ਹੁਸ਼ਿਆਰਪੁਰ ਅਤੇ ਇੰਨ: ਬਲਵਿੰਦਰ ਸਿੰਘ ਜੌੜਾ ਮੁੱਖ ਅਫਸਰ ਥਾਣਾ ਗੜਸ਼ੰਕਰ ਦੀ ਸਾਂਝੀ ਟੀਮ ਬਣਾ ਕੇ ਡੂੰਘਾਈ ਨਾਲ ਸਹੀ ਤੱਥਾਂ ਦੇ ਅਧਾਰ ਪਰ ਤਫਤੀਸ਼ ਕਰਨ ਦੀ ਹਦਾਇਤ ਕੀਤੀ ਗਈ। ਜਿੰਨਾ ਵੱਲੋਂ ਇਸ ਮੁਕਦਮੇਂ ਦੀ ਹਰ ਪਹਿਲੂ ਤੋਂ ਤਫਤੀਸ਼ ਕੀਤੀ ਗਈ। ਮਿਤੀ 25.08.17 ਨੂੰ ਦੋਸ਼ੀ ਜਗਜੀਤ ਸਿੰਘ ਉਰਫ ਜੋਰਾ ਪੁੱਤਰ ਗੁਰਪਾਲ ਸਿੰਘ ਵਾਸੀ ਰੋਡ ਮਜਾਰਾ ਨੂੰ ਗ੍ਰਿਫਤਾਰ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਗਈ। ਦੌਰਾਨੇ ਤਫਤੀਸ਼ ਇਹ ਗੱਲ ਸਾਹਮਣੇ ਆਈ ਕਿ ਮ੍ਰਿਤਕ ਰਾਜ ਕੁਮਾਰ ਦਾ ਜਗਜੀਤ ਸਿੰਘ ਉਰਫ ਜੋਰਾ ਪੁਤਰ ਗੁਰਪਾਲ ਸਿੰਘ ਕੋਮ ਜੱਟ ਵਾਸੀ ਰੋਡ ਮਜਾਰਾ ਦੇ ਨਾਲ ਕਾਫੀ ਮੇਲ ਮਿਲਾਪ ਸੀ ਤੇ ਜਗਜੀਤ ਸਿੰਘ ਜੇ.ਸੀ.ਬੀ ਚਲਾਉਣੀ ਸਿੱਖਦਾ ਸੀ। ਰਾਜ ਕੁਮਾਰ ਦਾ ਇਸ ਨਾਲ ਜਿਆਦਾ ਮੇਲ ਮਿਲਾਪ ਹੋਣ ਕਰਕੇ ਉਹ ਕਈ ਵਾਰ ਸ਼ਰਾਬ ਪੀ ਕੇ ਵੀ ਇਹਨਾਂ ਦੇ ਘਰ ਚਲਾ ਜਾਂਦਾ ਸੀ। ਜੋ ਜਗਜੀਤ ਸਿੰਘ ਨੇ ਉਸ ਨੂੰ ਸਰਾਬ ਪੀ ਕੇ ਆਪਣੇ ਘਰ ਆਉਣ ਤੋ ਮਨਾ ਕੀਤਾ ਸੀ। ਰਾਜ ਕੁਮਾਰ ਨੇ ਜਗਜੀਤ ਸਿੰਘ ਨੂੰ ਮਿਤੀ 16-8-17 ਸ਼ਾਮ ਨੂੰ ਜੇ.ਸੀ.ਬੀ ਮਸ਼ੀਨ ਸਾਈਡ ਤੇ ਕਰਨ ਲਈ ਬੁਲਾਇਆ। ਜਗਜੀਤ ਸਿੰਘ ਜਦੋਂ ਉਥੇ ਪਹੁੰਚਿਆ ਤਾਂ ਰਾਜ ਕੁਮਾਰ ਨੇ ਸਰਾਬ ਪੀਤੀ ਹੋਈ ਸੀ। ਜਿਸ ਨੇ ਜਗਜੀਤ ਸਿੰਘ ਨੂੰ ਮਾਂਵਾ ਭੈਣਾ ਦੀਆਂ ਗੰਦੀਆਂ ਗਾਲਾਂ ਕੱਢੀਆਂ ਤੇ ਜਗਜੀਤ ਸਿੰਘ ਇਸੇ ਗੱਲ ਦੀ ਰੰਜਸ਼ ਆਪਣੇ ਮਨ ਵਿੱਚ ਰੱਖਕੇ ਘਰ ਨੂੰ ਚਲਾ ਗਿਆ ਅਤੇ ਦੁਵਾਰਾ ਘਰੋ ਦਾਤਰ ਲਿਆਕੇ ਰਾਜ ਕੁਮਾਰ ਜੋ ਰਾਤ ਸਮੇਂ ਮੰਜੇ ਤੇ ਸੁੱਤਾ ਪਿਆ ਸੀ, ਨੂੰ ਦਾਤਰ ਨਾਲ ਸੱਟਾ ਮਾਰ ਕੇ ਉਸਦਾ ਕਤਲ ਕਰ ਦਿੱਤਾ ਅਤੇ ਉਸ ਦੇ ਦੋ ਮੋਬਾਇਲ ਫੋਨ ਸੈਟ ਚੁੱਕ ਕੇ ਆਪਣੇ ਨਾਲ ਲੈ ਗਿਆ। ਦੋਸ਼ੀ ਨੇ ਆਪਣੇ ਕੀਤੇ ਹੋਏ ਜੁਰਮ ਨੂੰ ਮੰਨ ਲਿਆ ਹੈ। ਜਿਸ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ। ਦੋਸ਼ੀ ਪਾਸੋਂ ਮਜੀਦ ਪੁੱਛਗਿਛ ਜਾਰੀ ਹੈ।